a2zpapers.com

Roll No. ..................

**01/C**

Total No. of Questions : 11]

[Total No. of Printed Pages : 3

**X**

**2039**

**ਸਲਾਨਾ ਪਰੀਖਿਆ ਪ੍ਰਨਾਲੀ**

**PUNJABI**

**Paper–A**

**(Morning Session)**

Time allowed : Three hours

Maximum marks : 70

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ ਕੋਡ/ਪੇਪਰ ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ ਕੋਡ/ਪੇਪਰ ਕੋਡ 01/C ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 26 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਕੋਈ ਵਾਧੂ ਸ਼ੀਟ ਨਹੀਂ ਮਿਲੇਗੀ । ਇਸ ਲਈ ਉੱਤਰ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ ।

(v) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(vi) ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।

(vii) ਪ੍ਰਸ਼ਨਾਂ ਦੇ ਉੱਤਰ ਪਾਠ-ਪੁਸਤਕਾਂ 'ਤੇ ਅਧਾਰਿਤ ਹੋਣੇ ਚਾਹੀਦੇ ਹਨ ।

**1. ਵਸਤੂਨਿਸ਼ਠ ਪ੍ਰਸ਼ਨ :**

(ੳ) ਜ਼ੀਨਤ-ਉਨ-ਨਿਸਾ ਔਰੰਗਜ਼ੇਬ ਦੀ ਕੀ ਲੱਗਦੀ ਸੀ ? 1

(ਅ) 'ਨਾਇਕ' ਇਕਾਂਗੀ ਦੇ ਕਿਸੇ ਇੱਕ ਪਾਤਰ ਦਾ ਨਾਂ ਲਿਖੋ । 1

(ੲ) 'ਇੱਕ ਹੋਰ ਨਵਾਂ ਸਾਲ' ਨਾਵਲ ਕਿਸ ਦੀ ਰਚਨਾ ਹੈ ? 1

(ਸ) ਜਲ੍ਹਿਆਂ ਵਾਲੇ ਬਾਗ਼ ਵਿੱਚ ਸ਼ਹੀਦਾਂ ਦਾ ਖ਼ੂਨ ਕਿਸ ਦਿਨ ਡੁੱਲ੍ਹਾ ਸੀ ? 1

(ਹ) 'ਪਵਣੁ ਗੁਰੂ ਪਾਣੀ ਪਿਤਾ' ਕਵਿਤਾ ਕਿਸ ਦੀ ਰਚਨਾ ਹੈ ? 1

(i) ਗੁਰੂ ਨਾਨਕ ਦੇਵ ਜੀ (ii) ਗੁਰੂ ਅੰਗਦ ਦੇਵ ਜੀ

(iii) ਗੁਰੂ ਅਮਰਦਾਸ ਜੀ (iv) ਗੁਰੂ ਅਰਜਨ ਦੇਵ ਜੀ

(ਕ) 'ਜੰਗ ਦਾ ਹਾਲ' ਕਵਿਤਾ ਵਿੱਚ ਕਿਹੜੀ ਥਾਂ ਦਾ ਜ਼ਿਕਰ ਹੈ ? 1

(i) ਜਮਰੌਦ ਦੀ (ii) ਪਿਸ਼ਾਵਰ ਦੀ

(iii) ਲਾਹੌਰ ਦੀ (iv) ਫੇਰੂ ਸ਼ਹਿਰ ਦੀ

(ਖ) ਲੇਖਕ ਗੁਰਬਖ਼ਸ਼ ਸਿੰਘ ਜ਼ਿੰਦਗੀ ਦਾ ਅਸਲ ਸੋਨਾ ਕਿਸ ਚੀਜ਼ ਨੂੰ ਕਹਿੰਦਾ ਹੈ ? 1

(ਗ) ਬਾਬਾ ਰਾਮ ਸਿੰਘ ਦੇ ਪੈਰੋਕਾਰ ਕੀ ਅਖਵਾਉਂਦੇ ਸਨ/ਹਨ ? 1

(ਘ) 'ਕੁਲਫ਼ੀ' ਕਹਾਣੀ ਦਾ ਲੇਖਕ ਕੌਣ ਹੈ ? 1

(ਙ) ਵੀਰਾਂਵਾਲੀ ਕਿਸ਼ਨ ਸਿੰਘ ਦੀ ਕੀ ਲੱਗਦੀ ਸੀ ? 1

10×1=10



www.a2zpapers.com www.a2zpapers.com
nload free old Question papers gndu, ptu hp board, punjab bo

a2zpapers.com



2. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 150 ਸ਼ਬਦਾਂ ਵਿੱਚ ਲਿਖੋ :

(ੳ) ਕੁਝ ਡਿਗਦੀ ਕੁਝ ਢਹਿੰਦੀ ਉਠਦੀ, ਬਹਿੰਦੀ ਤੇ ਦਮ ਲੈਂਦੀ ।
ਜਿਉਂ ਕਰ ਤੋਟ ਸ਼ਰਾਬੋਂ ਆਵੇ, ਫੇਰ ਉੱਤੇ ਵਲ ਵੈਂਦੀ ।
ਢੂਡੇ ਖੋਜ ਸ਼ੁਤਰ ਦਾ ਕਿਤ ਵਲ, ਹਰਗਿਜ਼ ਭਾਲ ਨਾ ਪੈਂਦੀ ।
ਹਾਸ਼ਮ ਜਗਤ ਨਾ ਕਿਉਂ ਕਰ ਗਾਵੇ, ਪ੍ਰੀਤ ਸੰਪੂਰਨ ਜੈਂਦੀ । 5

(ਅ) ਲੱਖ ਨਗਾਰੇ ਵੱਜਣੰ ਆਹਮੋ ਸਾਹਮਣੇ ॥
ਰਾਕਸ਼ ਰਣੋ ਨ ਭੱਜਣ ਰੋਹੇ ਰੋਹਲੇ ॥
ਸੀਹਾਂ ਵਾਂਗੂ ਗੱਜਣ ਸੱਭੇ ਸੂਰਮੇ ॥
ਤਣਿ-ਤਣਿ ਕੈਬਰ ਛੱਡਣ ਦੁਰਗਾ ਸਾਹਮਣੇ ॥ 5

(ੲ) ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ 5

(ਸ) ਰੱਬਾ ! ਮੇਰੇ ਹਾਲ ਦਾ ਮਹਿਰਮ ਤੂੰ |1| ਰਹਾਓ ।
ਅੰਦਰਿ ਤੂੰ ਹੈਂ ਬਾਹਰ ਤੂੰ ਹੈਂ ਰੋਮਿ ਰੋਮਿ ਵਿੱਚ ਤੂੰ |1|
ਤੂੰ ਹੈ ਤਾਣਾ ਤੂੰ ਹੈ ਬਾਣਾ ਸਭੁ ਕਿਛੁ ਮੇਰਾ ਤੂੰ |2|
ਕਹੈ ਹੁਸੈਨ ਫਕੀਰ ਨਿਮਾਣਾ, ਮੈਂ ਨਾਹੀਂ ਸਭ ਤੂੰ |3| 5

5+5=10

3. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਗ-ਪਗ 40 ਸ਼ਬਦਾਂ ਵਿੱਚ ਲਿਖੋ :

(ੳ) ਸਭੁ ਕਿਛ ਮੇਰਾ ਤੂੰ (ਸ਼ਾਹ ਹੁਸੈਨ)

(ਅ) ਚੰਡੀ ਦੀ ਵਾਰ (ਗੁਰੂ ਗੋਬਿੰਦ ਸਿੰਘ ਜੀ) । 5

4. ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ :

(ੳ) ਰਬਾਬ ਮੰਗਾਉਨ ਦਾ ਵਿਰਤਾਂਤ (ਗਿਆਨੀ ਦਿੱਤ ਸਿੰਘ)

(ਅ) ਮਹਾਂਕਵੀ ਕਾਲੀਦਾਸ (ਪ੍ਰੋ: ਪਿਆਰਾ ਸਿੰਘ ਪਦਮ) 7

5. ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ :

(ੳ) ਬਿਕ੍ਰਮੀ ਸੰਮਤ ਕਦੋਂ ਅਤੇ ਕਿਹੜੇ ਬਾਦਸ਼ਾਹ ਦੇ ਨਾਂ ਤੋਂ ਸ਼ੁਰੂ ਹੋਇਆ ? 3

(ਅ) ਲੋਕ ਭਲਵਾਨਾਂ ਦਾ ਕਿਵੇਂ ਸਤਿਕਾਰ ਕਰਦੇ ਸਨ ? 3

(ੲ) "ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ ਪਿਆਰ ਪੈਦਾ ਹੁੰਦਾ ਹੈ ।" ਇਸ ਕਥਨ ਦੀ ਵਿਆਖਿਆ ਕਰੋ । 3

(ਸ) ਮਹਾਰਾਜਾ ਰਣਜੀਤ ਸਿੰਘ ਨੇ ਕੈਦੀ ਦੀ ਸਜ਼ਾ ਮਾਫ ਕਿਉਂ ਕਰ ਦਿੱਤੀ ? 3

3+3=6

6. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਕਹਾਣੀ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ :

(ੳ) ਇੱਕ ਪੈਰ ਘੱਟ ਤੁਰਨਾ (ਅਜੀਤ ਕੌਰ)

(ਅ) ਅੰਗ-ਸੰਗ (ਵਰਿਆਮ ਸਿੰਘ ਸੰਧੂ) 7



www.a2zpapers.com www.a2zpapers.com
load free old Question papers gndu, ptu hp board, punjab b

a2zpapers.com



7. ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਸੰਖੇਪ ਵਿੱਚ ਲਿਖੋ :

(ੳ) ਪਿਤਾ ਦੇ ਜੇਲ੍ਹ ਜਾਣ 'ਤੇ ਲਾਜ ਨੇ ਆਪਣੀ ਭੂਆ ਵੀਰਾਂ ਵਾਲੀ ਨੂੰ ਕੀ ਕਿਹਾ ? 3

(ਅ) ਰਸ਼ੀਦ ਗੁਆਂਢੀ ਮੁੰਡੇ ਨਾਲ ਪਤੰਗ ਉਡਾਉਣ ਦੀ ਰੀਝ ਕਿਵੇਂ ਪੂਰੀ ਕਰਦਾ ਹੈ ? 3

(ੲ) ਬਲਵੰਤ ਰਾਏ ਦਾ ਸੁਭਾ ਕਿਹੋ-ਜਿਹਾ ਹੈ ? 3

(ਸ) ਕਰਤਾਰ ਸਿੰਘ ਦੇ ਛੋਟੀ ਉਮਰੇ ਦੁਨੀਆਂ ਤੋਂ ਤੁਰ ਜਾਣ ਦੇ ਕੀ ਕਾਰਨ ਸਨ ? 3

3+3=6

8. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖੋ :

(ੳ) ਵਜ਼ੀਰਾ (ਇਕਾਂਗੀ : ਬੰਬ ਕੇਸ)

(ਅ) ਨਿਹਾਲ ਕੌਰ (ਇਕਾਂਗੀ : ਦੂਜਾ ਵਿਆਹ) । 6

9. ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਲਿਖੋ :

"ਮੈਂ ਵੀ ਪੰਜਾਬ ਤੋਂ ਚੱਲਣ ਲੱਗਿਆਂ ਕਸਮ ਖਾਧੀ, ਆਪਣੀ ਭਰਜਾਈ ਦਾ ਸੁਹਾਗ ਉਹਨੂੰ ਲੈ ਕੇ ਦਿਆਂਗਾ। ਸਮੁੰਦਰੋਂ ਪਾਰ ਦੇ ਰਿਵਾਜ ਨਾਲ ਮਰਸੀ ਦਾ ਸੁਹਾਗ ਹੋਰ ਬਣ ਸਕਦੈ, ਸ਼ਰਨਜੀਤ ਦਾ ਨਹੀਂ ਤੇ ਹੁਣ ਸ਼ਰਨਜੀਤ ਮੇਰੀ ਭਰਜਾਈ, ਛੁੱਟੜ ਵਾਪਸ ਨਹੀਂ ਜਾਵੇਗੀ। ਜੇ ਉਹ ਗਈ ਤਾਂ ਮੇਰੀ ਲਾਸ਼ ਤੋਂ ਲੰਘ ਕੇ ਜਾਵੇਗੀ।"

ਪ੍ਰਸ਼ਨ : (ੳ) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ ? 1

(ਅ) ਇਕਾਂਗੀ ਦੇ ਲੇਖਕ ਦਾ ਕੀ ਨਾਂ ਹੈ ? 1

(ੲ) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ? 1

ਜਾਂ

"ਨਹੀਂ। ਤੂੰ ਭੁਲੇਖੇ ਵਿੱਚ ਰਿਹਾ ਹੈਂ। ਅਸ਼ੋਕ ਤੇ ਅਕਬਰ ਵਾਂਗ ਲੋਕਾਂ ਦੇ ਦਿਲਾਂ ਨੂੰ ਜਿੱਤਣ ਨਾਲ ਰਾਜ ਦੀਆਂ ਨੀਹਾਂ ਪੱਕੀਆਂ ਹੁੰਦੀਆਂ ਹਨ। ਸਿੱਖ, ਮਰਾਠੇ, ਰਾਜਪੂਤ, ਸੰਤ, ਸਾਧੂ, ਸ਼ੀਆ, ਸੂਫੀ, ਕੁੱਲ ਹਿੰਦੂ ਜਾਤੀ ਤੇਰੀ ਹਕੂਮਤ ਤੋਂ ਦੁਖੀ ਹੈ।"

ਪ੍ਰਸ਼ਨ : (ੳ) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ ? 1

(ਅ) ਇਕਾਂਗੀ ਦੇ ਲੇਖਕ ਦਾ ਕੀ ਨਾਂ ਹੈ ? 1

(ੲ) ਰਾਜ ਦੀਆਂ ਨੀਹਾਂ ਕਿਵੇਂ ਪੱਕੀਆਂ ਹੁੰਦੀਆਂ ਹਨ ? 1

1+1+1=3

10. ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਲਿਖੋ :

(ੳ) ਤਾਰੋ

(ਅ) ਦਿਆਲਾ

(ੲ) ਪਰਵੇਜ਼ । 7

11. ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 40 ਸ਼ਬਦਾਂ ਵਿੱਚ ਲਿਖੋ :

(ੳ) "ਪਰ ਪਤਾ ਨਹੀਂ ਕਈ ਬੰਦੇ ਗ਼ਰੀਬ ਦਾ ਹੱਕ ਕਿਉਂ ਮਾਰਦੇ ਐ ? ਬਈ ਹੱਕ ਦੇ ਦਿਓ ਗ਼ਰੀਬ ਨੂੰ ਉਸ ਦਾ, ਫੇਰ ਕਾਹਦਾ ਰੇੜਕਾ ?"

(ਅ) "ਲੋਕ-ਰਾਜ ਦਾ ਮਤਲਬ, ਲੋਕਾਂ ਦਾ ਰਾਜ-ਜਿਸ ਤਰ੍ਹਾਂ ਕਿ ਸਾਡੇ ਮੁਲਕ ਵਿੱਚ ਐ। ਲੋਕ ਈ ਰਾਜ ਕਰਦੇ ਐ, ਰਾਜੇ-ਮਹਾਰਾਜੇ ਨਹੀਂ ਕਰਦੇ।"

1+2=3



www.a2zpapers.com www.a2zpapers.com
load free old Question papers gndu, ptu hp board, punjab bo